# ਰੱਬ ਦੀ ਤਰਾਜੂ

ਰੱਬ ਦੀ ਤਰਾਜੂ 'ਚ' ਮੈਨੂ ਪਾਸਕ ਇਉ ਲੱਗਦਾ ।
ਤੇਰੇ ਤੇ ਹੋਇਆ ਮਿਹਰਬਾਨ ਕਿਉ ਲੱਗਦਾ ।
ਤੇਰਾ ਮੁਖੜਾ ਸੋਹਣਾ ਇਨਾ ਕਿਉ ਲੱਗਦਾ ।
ਤੇਰੇ ਨੱਕ 'ਚ' ਕੋਕਾ ਇਨਾ ਕਿਉ ਫਬਦਾ ।
ਰੱਬ ਦੀ ਤਰਾਜੂ 'ਚ' ਮੈਨੂ ਪਾਸਕ ਇਉ ਲੱਗਦਾ ।

ਬਣਾਉਣ ਲੱਗੇ ਤੈਨੂ ਰੱਬ ਨੇ ਪੈਗ ਲਾਇਆ ਲੱਗਦਾ ।
ਤੇਰੇ ਨੈਣਾ ਵਿਚ ਦੀਵਾ ਨੀਲਾ ਕਿਉ ਜੱਗਦਾ ।
ਤੇਰੇ ਸਾਹਾ ਵਿਚ ਮੇਰਾ ਸਾਹ ਕਿਉ ਵਗਦਾ ।
ਰੱਬ ਦੀ ਤਰਾਜੂ 'ਚ' ਮੈਨੂ ਪਾਸਕ ਇਉ ਲੱਗਦਾ ।

ਤੇਰੀ ਬੁਕਲ ਦਾ ਪਿਆਰ ਇਨਾ ਕਿਉ ਮੱਗਦਾ ।
ਤੇਰੇ ਮੱਥੇ ਤੇ ਟਿਕਾ ਇਨਾ ਕਿਉ ਸੱਜਦਾ ।
ਤੇਰੀਆ ਜੁਲਫਾ ਦਾ ਅੰਦੇਰਾ ਚੰਗਾ ਕਿਉ ਲੱਗਦਾ ।
ਰੱਬ ਦੀ ਤਰਾਜੂ 'ਚ' ਮੈਨੂ ਪਾਸਕ ਇਉ ਲੱਗਦਾ ।

ਤੇਰੀ ਤੋਰ 'ਚ' ਮੈਨੂ ਮੋਰ ਕਿਉ ਲੱਗਦਾ ।
ਝਾਂਝਰਾ ਦਾ ਜੋੜਾ ਇਨਾ ਕਿਉ ਫੱਬਦਾ ।
ਇਕ-ਇਕ ਘੁਗਰੂ ਆਪਸ 'ਚ' ਕਿਉ ਵੱਜਦਾ ।
ਤੇਰੇ ਗੁਸੇ 'ਚ' ਮੈਨੂ ਨਖਰਾ ਕਿਉ ਲੱਗਦਾ ।
ਰੱਬ ਦੀ ਤਰਾਜੂ 'ਚ' ਮੈਨੂ ਪਾਸਕ ਇਉ ਲੱਗਦਾ ।

ਜਿਵੇ ਟਟਿਆਣਾ ਰਾਤ ਨੂੰ ਫਿਰੇ ਜੱਗਦਾ ।
ਉਮੇ ਉਲੂ ਵੀ ਰਾਤ ਨੂੰ ਹੀ ਲੱਭਦਾ ।
ਜਿਵੇ ਭੌਰ ਫੁਲਾ ਤੇ ਆ ਲੱਗਦਾ ।
ਉਮੇ ਹਰ ਆਸ਼ਕ ਤੇਰੇ ਪਿਛੇ ਕਿਉ ਲੱਗਦਾ ।
ਤੇਰੇ ਹਾਸੇ ਚੋ ਲੱਖ-ਲੱਖ ਦਾ ਮੋਤੀ ਕਿਉ ਵੱਗਦਾ।
ਤੇਰਾ ਹਸਦੀ ਦਾ ਇਕ-ਇਕ ਦੰਦ ਹੀਰਾ ਕਿਉ ਲੱਗਦਾ ।
ਤੇਰਾ ਇਕ-ਇਕ ਬੋਲ ਮੇਰੇ ਸੀਨੇ ਕਿਉ ਵੱਜਦਾ ।
ਰੱਬ ਦੀ ਤਰਾਜੂ 'ਚ' ਮੈਨੂ ਪਾਸਕ ਇਉ ਲੱਗਦਾ ।

ਜਿਥੇ ਪੰਜ ਦਰਿਆਵਾ ਦਾ ਪਾਣੀ ਵੱਗਦਾ ।
ਉਥੇ ਮਿਰਜੇ ਨੂੰ ਗਡਾਸਾ ਕਿਉ ਲੱਗਦਾ ।
ਕੀਮਾ ਮਲਕੀ ਤੋ ਪਾਣੀ ਕਿਉ ਮੰਗਦਾ ।
ਫਰਿਆਦ ਦੇ ਸਿਰ 'ਚ' ਤੇਸਾ ਕਿਉ ਲੱਗਦਾ ।
ਪੁਨੂੰ ਸੱਸੀ ਨੂੰ ਥੱਲਾ 'ਚ' ਫਿਰੇ ਕਿਉ ਲੱਭਦਾ ।
ਤੇਰੇ ਦਿਲ ਦਾ ਭੇਤ ਕਿਸੇ ਨੂੰ ਕਿਉ ਨਹੀ ਲੱਗਦਾ ।
ਰੱਬ ਦੀ ਤਰਾਜੂ 'ਚ' ਮੈਨੂ ਪਾਸਕ ਇਉ ਲੱਗਦਾ ।

ਤੇਰੇ ਪਤਲੇ ਲੱਕ ਦਾ ਹਿਲਾਰਾ, ਝੂਟਾ ਜਿਉ ਸਾਰੇ ਜੱਗ ਦਾ ।
ਇਕ ਝੂਟੇ ਖਾਤਰ, ਰਾਝਾ ਫਿਰੇ ਗਲੀਆ 'ਚ' ਖੈਰ ਮੰਗਦਾ ।
ਮਜਨੂੰ ਨੂੰ ਵੀ ਗੋਰੀ-ਕਾਲੀ 'ਚ' ਕੋਈ ਫਰਕ ਨਹੀ ਲੱਗਦਾ ।
ਤਰਸਾ ਕੇ ਮੈਨੂ, ਪਤਾ ਨੀ ਤੈਨੂ ਕੀ ਲੱਭਦਾ ।
ਤੇਰਾ-ਮੇਰਾ ਸਾਥ ਪੁਰਾਣਾ ਕਿਉ ਲੱਗਦਾ ।
ਮਿਲੂ ਤੈਨੂੰ "ਸਰਜਿਦਰ" ਇੱਕ ਦਿਨ, ਇੰਜ ਕਿਉ ਲੱਗਦਾ ।
ਅਡਰੈਸ ਉਹਦਾ "sarjinder@yahoo.com" world wide web ਦਾ ।
ਰੱਬ ਦੀ ਤਰਾਜੂ 'ਚ' ਮੈਨੂ ਪਾਸਕ ਇਉ ਲੱਗਦਾ ।

Archived at: www.geocities.com/sarjinder
Written by: Dr. Sarjinder Singh, Assistant Professor, St. Cloud State University, St. Cloud, MN, USA.
Note: All opinions are of author's own.